# ਨਮੂਨੇ ਦਾ ਪ੍ਰਸ਼ਨ ਪੱਤਰ
## ਸ਼੍ਰੇਣੀ ਦਸਵੀਂ
## ਪੰਜਾਬੀ ਏ
## ਵਿਦਿਅਕ ਸੈਸ਼ਨ : 2022 -23

**ਸਮਾਂ : 3 ਘੰਟੇ**

**ਲਿਖਤੀ : 65 ਅੰਕ**
**ਆਂਤਰਿਕ ਮੁਲਾਂਕਣ : 10 ਅੰਕ**
**ਕੁੱਲ : 75 ਅੰਕ**

1. 5 ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ। 5

2. ਵਸਤੂਨਿਸ਼ਨ ਪ੍ਰਸ਼ਨ :

(ੳ) ਸੂਫ਼ੀ ਕਾਵਿ ਧਾਰਾ ਦੇ ਕਿਸੇ ਇੱਕ ਕਵੀ ਦਾ ਨਾਂ ਲਿਖੋ। 1

(ਅ) ਗਗਨ ਮੈ ਥਾਲ' ਦੀ ਰਚਨਾ ਕਿਸ ਨੇ ਕੀਤੀ ਹੈ? 1

(ੲ) ਅਰਦਾਸ ਕਦੋਂ ਕੀਤੀ ਜਾਂਦੀ ਹੈ ? 1

(ਸ) 'ਮਹਾਂਕਵੀ ਕਾਲੀਦਾਸ' ਲੇਖ ਦਾ ਲੇਖਕ ਕੌਣ ਹੈ? 1

(ਹ) ਇਕ ਪੈਰ ਘੱਟ ਤੁਰਨਾ ਕਹਾਣੀ ਕਿਸ ਕਹਾਣੀਕਾਰ ਦੀ ਲਿਖੀ ਹੋਈ ਹੈ? 1

(ਕ) 'ਬਾਗੀ ਦੀ ਧੀ' ਕਹਾਣੀ ਦੇ ਕਿਸੇ ਇਕ ਪਾਤਰ ਦਾ ਨਾਂ ਲਿਖੋ। 1

(ਖ) ਡਾ. ਹਰਚਰਨ ਸਿੰਘ ਦੀ ਕਿਹੜੀ ਇਕਾਂਗੀ 'ਵੰਨਗੀ' ਵਿੱਚ ਦਰਜ ਹੈ? 1

(ਗ) 'ਸਮੁੰਦਰ ਪਾਰ' ਇਕਾਂਗੀ ਅਨੁਸਾਰ ਬਲਵੰਤ ਢਿੱਲੋਂ ਹਰਦੇਵ ਦਾ ਕੀ ਲਗਦਾ ਸੀ? 1

(ਘ) 'ਇੱਕ ਹੋਰ ਨਵਾਂ ਸਾਲ' ਦੇ ਕਾਂਡ ਦੋ ਦਾ ਕੀ ਨਾਂ ਹੈ? 1

(ਙ) ਇੱਕ ਹੋਰ ਨਵਾਂ ਸਾਲ ਦੇ ਕਾਂਡ ਤਿੰਨ (ਸ਼ਾਮ) ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ।

10x1=10

3. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : ਪ੍ਰਸੰਗ ਦੇ 2 ਅੰਕ ਅਤੇ ਵਿਆਖਿਆ ਦੇ 3 ਅੰਕ ਹਨ।

(ੳ) ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ 5

(ਅ) ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।
ਅੰਦਰਿ ਤੂੰ ਹੈਂ ਬਾਹਿਰ ਤੂੰ ਹੈਂ ਰੋਮਿ ਰੋਮਿ ਵਿਚ ਤੂੰ।
ਤੂੰ ਹੈ ਤਾਣਾ ਤੂੰ ਹੈਂ ਬਾਣਾ ਸਭੁ ਕਿਛੁ ਮੇਰਾ ਤੂੰ।

(ੲ) ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਛ ਮਾਰਿਆ ਖੁਦੀ ਗੁਮਾਨ।
ਵਿੱਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ।
ਕਿੱਸਾ ਜੋੜਿਆ ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਕੁੱਲ ਜਹਾਨ।

(ਸ) ਦੁਹਾਂ ਕੰਧਾਰਾਂ ਮੁਹਿ ਜੁੜੇ ਦਲ ਘੁਰੇ ਨਗਾਰੇ ॥
ਓਰੜ ਆਏ ਸੂਰਮੇ ਸਿਰਦਾਰ ਰਣਿਆਰੇ ॥
ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ।।
ਟੋਪ ਪਟੇਲਾਂ ਪਾਖਰਾਂ ਗਲਿ ਸੰਜ ਸਵਾਰੇ।। 5+5=10

4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) ਮਿਠ ਬੋਲੜਾ ਜੀ ਹਰਿ ਸਜਣੁ (ਗੁਰੂ ਅਰਜਨ ਦੇਵ ਜੀ)

(ਅ) ਇਸ਼ਕ ਦੀ ਨਵੀਉਂ ਨਵੀਂ ਬਹਾਰ (ਬੁੱਲ੍ਹੇ ਸ਼ਾਹ ਜੀ)

5, ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਘਰ ਦਾ ਪਿਆਰ (ਪ੍ਰਿੰ. ਤੇਜਾ ਸਿੰਘ)

(ਅ) ਬੋਲੀ (ਸ. ਗੁਰਬਖਸ਼ ਸਿੰਘ)

6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ: 2+2=4

(ੳ) ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਹਨ?

(ਅ) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ ?

(ੲ) ਬਾਬਾ ਰਾਮ ਸਿੰਘ ਜੀ ਦੀ ਚਲਾਈ ਨਾਮਿਲਵਰਤਣ ਲਹਿਰ ਦਾ ਵਰਨਣ ਕਰੋ ।

(ਸ) ਅਨਮਿਕਾ ਤੋਂ ਕੀ ਭਾਵ ਹੈ? ਇਸ ਬਾਰੇ ਕਿਹੜੀ ਘਟਨਾ ਪ੍ਰਚਲਿਤ ਹੈ?

7. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਅੰਗ-ਸੰਗ (ਵਰਿਆਮ ਸੰਧੂ)

(ਅ) ਧਰਤੀ ਹੇਠਲਾ ਬਲਦ (ਕੁਲਵੰਤ ਸਿੰਘ ਵਿਰਕ)

8. ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ: 2+2=4

(ੳ) ਕਾਕਾ ਸੁਪਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ ?

(ਅ) ਥੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ ?

(ੲ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ ?

(ਸ) ਕਰਮ ਸਿੰਘ ਦਾ ਸੁਭਾਅ ਕਿਹੋ-ਜਿਹਾ ਸੀ ?

9. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ । 5

(ੳ) ਪੁੱਤਰ (ਨਾਇਕ ਦੇ ਰੂਪ ਵਿੱਚ) (ਇਕਾਂਗੀ : ਨਾਇਕ)

(ਅ) ਔਰੰਗਜ਼ੇਬ (ਇਕਾਂਗੀ : ਜ਼ਫ਼ਰਨਾਮਾ)

10, ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਦਿਓ:

1+1+1=3

(ੳ) "ਜੀ ਤੋੜੇ ਵਾਲੀ ਬੰਦੂਕ ਤਾਂ ਘਰ-ਘਰ ਐ। ਸਫ਼ਾ ਜੰਗ, ਗੁਪਤੀ, ਭਾਲਾ, ਨੇਜਾ, ਛੱਡੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ"

ਪ੍ਰਸ਼ਨ

(1) ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਦੋਂ ਕਹੇ ? 1

(2) ਵਾਰਤਾਲਾਪ ਵਿੱਚ ਕਿਹੜੇ ਹਥਿਆਰਾਂ ਦੀ ਗੱਲ ਕੀਤੀ ਗਈ ਹੈ ? 1

(3) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ? 1

ਜਾਂ

(ਅ) "ਮੈਨੂੰ ਪਹਿਲਾਂ ਈ ਸ਼ੱਕ ਸੀ। ਉਹ ਮੇਰੇ ਨਾਲ ਅੱਖਾਂ ਨਹੀਂ ਮੇਲ਼ ਸਕਣਗੇ। ਉਹਨਾਂ ਦੀ ਸ਼ਰਾਫ਼ਤ ਦਾ ਝੁੰਗਲਮਾਟਾ ਪਾਟ ਜੁ ਜਾਣਾ ਹੋਇਆ ਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣਾ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲੀ-ਪਾਂਦੇ ਨੇ ਜਾਂ ਨਹੀਂ"

ਪ੍ਰਸ਼ਨ :

(1) ਇਹ ਸ਼ਬਦ ਕਿਸਨੇ, ਕਿਸਨੂੰ ਅਤੇ ਕਦੋਂ ਕਹੇ ? 1

(2) ਸ਼ਰਨਜੀਤ ਨੂੰ ਬਾਜਵੇ 'ਤੇ ਕੀ ਸ਼ੱਕ ਸੀ ? 1

(3) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ? 1

11. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6

(ੳ) ਬੰਤਾ

(ਅ) ਦਿਆਲਾ

(ੲ) ਲਾਜੋ

12. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

1+2=3

(ੳ) "ਆਪਾਂ ਵੀ ਆਪਣੀਆਂ ਦੋਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣੈ, ਜਿੰਨਾ ਕਿ ਡੁੰਮਣ ਨੂੰ। "

ਜਾਂ

(ਅ) "ਹੌਲ਼ੀ ਚਲਾ ਵੇ ਰਿਕਸ਼ਾ, ਬੰਤਿਆ ...... ਤੈਨੂੰ ਦੀਂਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ। "